ਜੀਉਣ ਦੀ

ਕਲਾ

LIVING ON THE EDGE

ਸੈਸ਼ਨ ੧

ਜੀਉਣ ਦੀ ਕਲਾ ਲਈ ਮੁੱਖਬੰਧ

ਅਨਿਸ਼ਚਿਤਤਾ ਅੱਗੇ ਹੈ...

ਅਸੀਂ ਇੱਕ ___ਅਸ਼ਾਂਤ___ ਸੰਸਾਰ ਵਿੱਚ ਰਹਿੰਦੇ ਹਾਂ।

ਜੀਉਣ ਦੀ ਕਲਾ...

ਗ੍ਰਹਿਣ ਕਰਨ ਲਈ ਇੱਕ **ਰਵੱਈਆ**

ਮੰਗਣ ਲਈ ਇੱਕ **ਸ੍ਰੋਤ**

ਵਿਸ਼ਵਾਸ ਕਰਨ ਲਈ ਇੱਕ **ਥੀਓਲਜ਼ੀ/ਧਰਮ ਗਿਆਨ**

1. **ਪਰਤਾਵੇ ਅਟੱਲ ਹਨ।** ਇੱਕ ਪਾਪੀ ਸੰਸਾਰ ਦੇ ਵਿੱਚ ਮੁਸ਼ਕਿਲ ___ਪੱਕਾ___ ਹੁੰਦੀ ਹੈ।
2. **ਪਰਤਾਵੇ ਜਾਂ ਤਾਂ ਸਾਨੂੰ ਬਣਾਉਂਦੇ ਹਨ ਜਾਂ ਤੋੜਦੇ ਹਨ।** ਅਸੀਂ ਕਿਸੇ ਵੀ ਔਖੀ ਘੜੀ ਨੂੰ ___ਸਮੱਸਿਆ___ ਵਜੋਂ ਜਾਂ ਇੱਕ ਵੱਡੇ ___ਮੌਕੇ___ ਵਜੋਂ ਵੇਖ ਸਕਦੇ ਹਾਂ।
3. **ਹਾਲਾਤ ਦੇ ਸ਼ਿਕਾਰ ਕਿਉਂ ਪੁੱਛਣ ਤੋਂ ਅੱਗੇ ਵਧਣ ਵਿੱਚ ਅਸਫਲ ਹੁੰਦੇ ਹਨ।** ਉਹ ਕਦੇ ਵੀ “ਪ੍ਰਭੂ, ਮੈਂ ਕਿਉਂ?” ਅਤੇ “___ਹੁਣ___ ___ਕਿਉਂ?___” ਤੋਂ ਅੱਗੇ ਨਹੀਂ ਲੰਘ ਪਾਉਂਦੇ ਹਨ।

ਅਰੰਭ ਦੀ ਕਲੀਸਿਯਾ ਤੋਂ ਪ੍ਰਸ਼ਨ. . .

- ਯਿਸੂ, ਮੈਂ ਕੀ ਕਰਾਂ?
- ਮੈਂ ਆਪਣੇ ਪਰਿਵਾਰ ਨਾਲ ਇਸ ਸਥਿਤੀ ਨੂੰ ਕਿਵੇਂ ਸੰਭਾਲਾਂ?
- ਤੁਸੀਂ ਮੇਰੀ ਸਿਹਤ ਦੇ ਮੁੱਦੇ ਬਾਰੇ ਕੀ ਆਖਦੇ ਹੋ?
- ਜੇਕਰ ਮੇਰਾ ਕੰਮਕਾਰ ਬੰਦ ਹੋ ਗਿਆ ਤਾਂ ਕੀ ਹੋਊ?
- ਮੇਰੇ ਭਵਿੱਖ ਵਿੱਚ ਮੇਰੇ ਲਈ ਕੀ ਹੈ?
- ਹੁਣ ਏਥੋਂ ਮੈਂ ਕਿੱਥੇ ਜਾਵਾਂ?

ਪ੍ਰਸ਼ਨ

ਵਰਤਮਾਨ ਵਿੱਚ ਹੁਣ ਇਸ ਸਮੇਂ ਤੁਸੀਂ ਕਿਹੜੇ ਪਰਤਾਵੇ ਦਾ ਸਾਹਮਣਾ ਕਰ ਰਹੇ ਹੋ?

ਸੈਸ਼ਨ ੨

ਗ੍ਰਹਿਣ ਕਰਨ ਲਈ ਇੱਕ ਰਵੱਈਆ

"ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ ਪਰਤਾਵਿਆਂ ਵਿੱਚ ਪਵੋ ਤਾਂ ਇਹ ਨੂੰ ਪੂਰਨ ਅਨੰਦ ਦੀ ਗੱਲ ਜਾਣੋ। ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਹਾਡੀ ਨਿਹਚਾ ਦੀ ਪ੍ਰੀਖਿਆ ਧੀਰਜ ਬਣਾਉਂਦੀ ਹੈ ਅਤੇ ਧੀਰਜ ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ ਭਈ ਤੁਸੀਂ ਸਿੱਧ ਅਤੇ ਸੰਪੂਰਨ ਹੋਵੋ ਅਤੇ ਤੁਹਾਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ।" (ਯਾਕੂਬ 1:2-4)

"ਧੀਰਜ ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ।" (ਯਾਕੂਬ 1:4)

ਤਿੰਨ ਮਹੱਤਵਪੂਰਣ ਕੀ ਪ੍ਰਸ਼ਨ...

ਪ੍ਰਸ਼ਨ 1: ਜਦੋਂ ਮੇਰਾ ਸੰਸਾਰ ਖਿੰਡ ਰਿਹਾ ਹੈ ਤਾਂ ਮੈਂ ਕੀ ਨਿਯੰਤ੍ਰਣ ਕਰ ਸਕਦਾ ਹਾਂ?

ਉੱਤਰ: ਰਵੱਈਆ

ਪ੍ਰਸ਼ਨ 2: ਅੱਜ ਇਸ ਦੇ ਵਿੱਚੋਂ ਲੰਘਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ?

ਉੱਤਰ : ਸਹਿਣ ਕਰਨਾ

ਪ੍ਰਸ਼ਨ 3: ਆਉਣ ਵਾਲੇ ਕੱਲ ਦੇ ਲਈ ਮੇਰੇ ਕੋਲ ਕੀ ਆਸ ਹੈ?

ਉੱਤਰ: ਵਿਸ਼ਵਾਸ ਕਰੋ ਕਿ ਪਰਮੇਸ਼ੁਰ ਅੱਜ ਜੋ ਸਭ ਤੋਂ ਬੁਰੇ ਦਾ ਅਸੀਂ ਸਾਹਮਣਾ ਕਰਦੇ ਹਾਂ ਉਸ ਨੂੰ ਲੈ ਕੇ ਇਸ ਨੂੰ ਭਲਿਆਈ ਲਈ ਵਰਤੇਗਾ।

ਯਾਕੂਬ ਸਾਨੂੰ ਸਿਖਾਉਂਦਾ ਹੈ ਕਿ ਧੀਰਜ ਨੂੰ ਆਪਣਾ ਕੰਮ ਪੂਰਾ ਹੋ ਲੈਣ ਦਿਉ ਤਾਂ ਜੋ ਅਸੀਂ ਸਿੱਧ ਅਤੇ ਸੰਪੂਰਣ (ਯੂਨਾਨੀ ਸ਼ਬਦ ਟੇਲੀਓਸ) ਹੋਈਏ, ਤਾਂ ਜੋ "ਕਿਸੇ ਵੀ ਗੱਲ ਦਾ ਘਾਟਾ ਨਾ ਹੋਵੇ" (ਯਾਕੂਬ 1:4)

"ਕਿਉਂਕਿ ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ ਸੀ ਉਸ ਨੇ ਓਹਨਾਂ ਨੂੰ ਅੱਗਿਓਂ ਠਹਿਰਾਇਆ ਭਈ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ।" (ਰੋਮੀਆਂ 8:29)

ਇਬਰਾਨੀਆਂ ਦੀ ਕਿਤਾਬ ਸਾਨੂੰ ਬਹੁਤ ਸਾਰੇ ਵਿਸ਼ਵਾਸ ਦੇ ਸੂਰਬੀਰਾਂ ਬਾਰੇ ਦੱਸਦੀ ਹੈ ਜਿਨ੍ਹਾਂ ਨੇ ਕਦੇ ਵੀ ਪਰਮੇਸ਼ੁਰ ਦੇ ਵਾਇਦਿਆਂ ਨੂੰ ਪੂਰਾ ਹੁੰਦੇ ਨਹੀਂ ਵੇਖਿਆ। ਉਨ੍ਹਾਂ ਨੇ ਸਿਰਫ ਭਰੋਸਾ ਕਰਨਾ ਸੀ। ਅਤੇ ਕਿਉਂ ਜੋ ਉਨ੍ਹਾਂ ਨੇ ਕੀਤਾ-ਕਿਉਂਜੋ ਉਨ੍ਹਾਂ ਨੇ ਆਪਣੇ ਮੌਜੂਦਾ ਹਾਲਾਤ ਤੋਂ ਅੱਗੇ ਆਸ ਨਾਲ ਵੇਖਿਆ ਸੀ – "ਸੰਸਾਰ ਉਨ੍ਹਾਂ ਦੇ ਯੋਗ ਨਹੀਂ ਸੀ।" (ਇਬਰਾਨੀਆਂ 11:38)

ਧੰਨ ਉਹ ਮਨੁੱਖ ਜਿਹੜਾ ਪਰਤਾਵੇ ਨੂੰ ਸਹਿ ਲੈਂਦਾ ਹੈ ਕਿਉਂਕਿ ਜਾਂ ਖਰਾ ਨਿੱਕਲਿਆ ਤਾਂ ਉਹ ਨੂੰ ਜੀਵਨ ਦਾ ਉਹ ਮੁਕਟ ਪਰਾਪਤ ਹੋਵੇਗਾ ਜਿਹ ਦਾ ਪ੍ਰਭੂ ਨੇ ਆਪਣਿਆ ਪ੍ਰੇਮੀਆਂ ਨਾਲ ਵਾਇਦਾ ਕੀਤਾ ਹੈ। (ਯਾਕੂਬ 1:12)

ਦਰਦ ਉੱਤੇ ਇੱਕ ਦ੍ਰਿਸ਼ਟੀਕੋਣ

1. ਪਰਮੇਸ਼ੁਰ ਮੁਸੀਬਤ ਨੂੰ ਸਾਨੂੰ ਸਿੱਧ ਬਣਾਉਣ ਲਈ ਇਸਤੇਮਾਲ ਕਰਦਾ ਹੈ ਕਿਉਂਕਿ ਅਸੀਂ ਨਵੇਂ ਪੱਧਰ ਤੇ ਉਸ ਉੱਤੇ ___ਨਿਰਭਰ___ ਰਹਿਣ ਲਈ ਮਜ਼ਬੂਰ ਹੁੰਦੇ ਹਾਂ।
2. ਅਸੀਂ ਜੀਵਨ ਦੇ ਅਸਥਾਈ ਅਤੇ ਜ਼ਰੂਰੀ ਵਿਹਾਰਾਂ ਤੋਂ ___ਛੁਡਾਏ ਜਾਂਦੇ___ ਅਤੇ ਸਾਡੀਆਂ ਪ੍ਰਾਥਮਿਕਤਾਵਾਂ, ਸਮਰਪਣਾਂ ਅਤੇ ਭਵਿੱਖ ਦੀ ਮੁੜ ਜਾਂਚ ਕਰਨ ਲਈ ਮਜ਼ਬੂਰ ਕੀਤੇ ਜਾਂਦੇ ਹਾਂ।
3. ਪਰਤਾਵੇ ਸਾਨੂੰ ਪਰਮੇਸ਼ੁਰ ਦੀ ਅਸਲੀਅਤ ਅਤੇ ਸ਼ਕਤੀ ਨਾਲ ਖੁਦ ___ਗਵਾਹ___ ਹੋਣ ਦੀ ਇਜਾਜ਼ਤ ਦਿੰਦੇ ਹਨ।
4. ਪਰਤਾਵੇ ਇੱਕ ਅਵਿਸ਼ਵਾਸੀ ਸੰਸਾਰ ਵਿੱਚ ਇੱਕ ਅਦਭੁਤ ___ਗਵਾਹੀ___ ਵਜੋਂ ਕੰਮ ਕਰਦੇ ਹਨ।
5. ਅਸੀਂ ਸੰਵੇਦਨਸ਼ੀਲ, ਦੇਖਭਾਲ ਕਰਨ ਵਾਲੇ, ਤਰਸਵਾਨ, ਮਸੀਹ ਵਰਗੇ ਲੋਕ ___ਬਣ ਜਾਂਦੇ___ ਹਾਂ।

ਪ੍ਰਸ਼ਨ

ਪਰਤਾਵਿਆਂ ਵਿੱਚੋਂ ਲੰਘਦੇ ਹੋਏ ਜੇਕਰ ਮੈਂ ਵਧਣਾ ਹੈ ਤਾਂ ਮੈਨੂੰ ਆਪਣੇ ਕਿਹੜੇ ਰਵੱਈਏ ਨੂੰ ਠੀਕ ਕਰਨ ਦੀ ਲੋੜ ਹੈ?

ਸੈਸ਼ਨ ੩

ਮੰਗਣ ਲਈ ਇੱਕ ਸ੍ਰੋਤ

ਦੋ ਕਿਸਮ ਦੇ ਲੋਕ....

1. ਲੋਕ ਜਿਹੜੇ ___ਕਿਉਂ___ ਪੁੱਛਦੇ ਰਹਿੰਦੇ ਹਨ। ਉਹ ਅੰਦਰ ਵੱਲ ਧਿਆਨ ਕਰਦੇ ਅਤੇ ਆਪਣੇ ਆਪ ਤੇ ਤਰਸ ਖਾਂਦੇ ਰਹਿੰਦੇ ਹਨ।
2. ਉਹ ਲੋਕ ਜਿਹੜੇ ਸਧਾਰਨ ਇਸ ਉੱਤੇ ਫੋਕਸ ਕਰਦੇ ਹਨ ਕਿ ਉਨ੍ਹਾਂ ਨੂੰ ਉੱਤਮ ਹੋਣ ਲਈ ___ਕੀ___ ਕਰਨਾ ਹੈ। ਉਹ ਲੋਕ ਸਫਲ ਹੁੰਦੇ ਹਨ।

ਤਿੰਨ "ਕੀ" ਵਾਲੇ ਪ੍ਰਸ਼ਨ. . .

1. ਮੈਂ ਕੀ ਨਿਯੰਤ੍ਰਣ ਕਰ ਸਕਦਾ ਹਾਂ? ___ਮੇਰਾ___ ___ਰਵੱਈਆ___ ।
2. ਅੱਜ ਇਸ ਵਿੱਚੋਂ ਲੰਘਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ? ___ਸਹਿਣ ਕਰਨਾ___
3. ਕੱਲ ਦੇ ਲਈ ਮੇਰੇ ਕੋਲ ਕੀ ਆਸ ਹੈ?
   ਇੱਕ ਸਰਬਸ਼ਕਤੀਮਾਨ, ਸਰਬਗਿਆਨੀ ਪਰਮੇਸ਼ੁਰ ਜੋ ਮੇਰੇ ਦੁਆਰਾ ਅਨੁਭਵ ਕੀਤੇ ਜਾਣ ਵਾਲੇ ਬੁਰੇ ਸਮੇਂ ਨੂੰ ਵੀ ਲੈ ਕੇ ਉਸ ਨੂੰ ਮੇਰੀ ਭਲਿਆਈ ਲਈ ਬਦਲਣ ਦਾ ਵਾਇਦਾ ਕਰਦਾ ਹੈ। ਚਾਹੇ ਇਸ ਜੀਵਨ ਵਿੱਚ ਜਾਂ ਸਵਰਗ ਵਿੱਚ।

ਅਟਕ ਜਾਣ ਤੇ ਕੀ ਕਰੀਏ?

"ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁਲ੍ਹੇ ਦਿਲ ਨਾਲ ਬਿਨਾ ਉਲਾਂਭੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ। ਪਰ ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ ਕਿਉਂ ਜੋ ਭਰਮ ਕਰਨ ਵਾਲਾ ਸਮੁੰਦਰ ਦੀ ਛੱਲ ਵਰਗਾ ਹੈ ਜਿਹੜੀ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ

ਹੈ। ਇਹੋ ਜਿਹਾ ਮਨੁੱਖ ਨਾ ਸਮਝੇ ਭਈ ਪ੍ਰਭੂ ਕੋਲੋਂ ਮੈਨੂੰ ਕੁਝ ਲੱਭੇਗਾ। ਉਹ ਦੁਚਿੱਤਾ ਮਨੁੱਖ ਹੈ ਜਿਹੜਾ ਆਪਣਿਆਂ ਸਾਰਿਆਂ ਚਲਣਾਂ ਵਿੱਚ ਚੰਚਲ ਹੈ।

ਪਰਮੇਸ਼ੁਰ ਦੀ ਪੇਸ਼ਕਸ਼:

ਅਲੌਕਿਕ ਬੁੱਧ

ਸਾਡੀ ਜ਼ਿੰਮੇਵਾਰੀ:

ਸਾਨੂੰ ਇਸ ਨੂੰ ਮੰਗਣਾ ਚਾਹੀਦਾ ਹੈ।

ਪਰਮੇਸ਼ੁਰ ਦਾ ਰਵੱਈਆ:

ਖੁੱਲ੍ਹਾ ਅਤੇ ਦਿਯਾਲੂ

ਇੱਕ ਸ਼ਰਤ

"ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ... (ਯਾਕੂਬ 1:6)

ਕੋਈ ਵਿਅਕਤੀ ਜਿਹੜਾ ਪਰਮੇਸ਼ੁਰ ਦੀ ਇੱਛਾ ਨੂੰ ਪਾਲਨ ਕਰਨ ਦੇ ਕਿਸੇ ਸਮਰਪਣ ਤੋਂ ਬਿਨਾਂ, ਜਾਣਕਾਰੀ ਲਈ ਜਾਂ ਕੁਝ ਵਿਚਾਰ ਕਰਨ ਲਈ ਪ੍ਰਾਰਥਨਾ ਕਰਦਾ ਹੈ, ਉਸ ਨੂੰ ਇੱਕ ਇਹ ਜਵਾਬ ਮਿਲਦਾ ਹੈ:

"ਇਹੋ ਜਿਹਾ ਮਨੁੱਖ ਨਾ ਸਮਝੇ ਭਈ ਪ੍ਰਭੂ ਕੋਲੋਂ ਮੈਨੂੰ ਕੁਝ ਲੱਭੇਗਾ।" (ਯਾਕੂਬ 1:7)

ਤੁਹਾਡੀ ਲੋੜ ਦੇ ਸਮੇਂ ਵਿੱਚ

1. ਸਵੀਕਾਰ ਕਰੋ ਕਿ ਤੁਸੀਂ ਅਟਕ ਗਏ ਹੋ
2. ਪਛਾਣੋ ਕਿ ਤੁਸੀਂ ਆਪਣੇ ਆਪ ਕੁਝ ਨਹੀਂ ਕਰ ਸਕਦੇ।
3. ਉਸ ਤੋਂ ਅਲੌਕਿਕ ਬੁੱਧ ਨੂੰ ਮੰਗੋ।
4. ਜੋ ਵੀ ਉਸ ਦੀ ਬੁੱਧ ਤੁਹਾਥੋਂ ਮੰਗ ਕਰੀ ਹੈ ਉਸ ਨੂੰ ਕਰਨ ਦੇ ਇਛੁੱਕ ਬਣੋ।

ਪੂਰੇ ਪਵਿੱਤਰ ਸ਼ਾਸਤਰ ਵਿੱਚ ਇੱਕ ਵਾਰ-ਵਾਰ ਆਉਣ ਵਾਲਾ ਵਿਸ਼ਾ ਇਹ ਹੈ...

ਉਹ "ਟੁੱਟੇ ਦਿਲ ਵਾਲਿਆਂ ਦੇ ਨੇੜੇ ਹੁੰਦਾ ਹੈ ਅਤੇ ਉਨ੍ਹਾਂ ਨੂੰ ਬਚਾਉਂਦਾ ਹੈ ਜਿਹੜੇ ਆਤਮਾ ਵਿੱਚ ਕੁਚਲੇ ਹੋਏ ਹਨ।" (ਜ਼ਬੂਰ 34:18)

ਉਹ ਦਲੇਰੀ ਨਾਲ ਆਪਣੇ ਸਿੰਘਾਸਣ ਵੱਲ ਆਉਣ ਲਈ ਸੱਦਦਾ ਹੈ - "ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।" (ਇਬਰਾਨੀਆਂ 4:16)

ਪਰਮੇਸ਼ੁਰ ਤੁਹਾਨੂੰ ਦੁਨਿਆ ਦਾ ਸਭ ਤੋਂ ਮੁੱਲਵਾਨ ਸ੍ਰੋਤ ਦਿੰਦਾ ਹੈ:

ਉਸ ਦੀ ਬੁੱਧ।

ਉਹ ਹਰੇਕ ਦਿਨ ਨੂੰ ਸੰਭਾਲਣ ਲਈ ਕਾਫੀ ਕਿਰਪਾ ਦੇ ਨਾਲ ਤੁਹਾਡੀਆਂ ਸਥਿਤੀਆਂ ਵਿੱਚ ਤੁਹਾਡੀ ਅਗਵਾਈ ਕਰਦਾ ਹੈ ਅਤੇ ਸਾਰੀਆਂ ਗੱਲਾਂ ਨੂੰ ਤੁਹਾਡੀ ਭਲਿਆਈ ਵਿੱਚ ਬਦਲਣ ਦਾ ਵਾਇਦਾ ਕਰਦਾ ਹੈ।

ਪ੍ਰਸ਼ਨ

1. ਤੁਹਾਨੂੰ ਅੱਜ ਕਿੱਥੇ ਪਰਮੇਸ਼ੁਰ ਦੀ ਅਲੌਕਿਕ ਬੁੱਧ ਚਾਹੀਦੀ ਹੈ?
2. ਕੀ ਇੱਥੇ ਕੋਈ ਅਜਿਹਾ ਖੇਤਰ ਹੈ ਜਿਸ ਵਿੱਚ ਤੁਸੀਂ ਪਰਮੇਸ਼ੁਰ ਦੀ ਬੁੱਧ ਵਿੱਚ ਚੱਲਣ ਤੋਂ ਇਨਕਾਰ ਕਰ ਸਕਦੇ ਹੋ?

ਵਿਸ਼ਵਾਸ ਕਰਨ ਲਈ ਇੱਕ ਧਰਮ ਗਿਆਨ

ਸ਼ਤਾਨ ਦਾ ਸਭ ਤੋਂ ਸ਼ਕਤੀਸ਼ਾਲੀ ਹਥਿਆਰ... ਨਿਰਾਸ਼ਾ

ਨਿਰਾਸ਼ਾ ਦੇ ਦਾਨਵ ਨੂੰ ਮਾਰਨਾ

ਨਿਰਾਸ਼ਾ ਭਰੋਸੇ ਨੂੰ ਨਸ਼ਟ ਕਰਦੀ ਅਤੇ ਸਾਨੂੰ ਹਿੰਮਤ ਹਾਰਨ ਵਾਲਾ ਬਣਾਉਂਦੀ ਹੈ। ਹੌਲੀ-ਹੌਲੀ ਇਹ ਸਾਨੂੰ ਕਾਇਲ ਕਰਦੀ ਹੈ ਕਿ ਅਸੀਂ ਸ਼ਕਤੀਹੀਣ ਹਾਂ, ਕਿ ਕੁਝ ਵੀ ਬਦਲਣ ਵਾਲਾ ਨਹੀਂ ਹੈ, ਕਿ ਕੋਸ਼ਿਸ਼ ਕਰਨ ਦਾ ਵੀ ਕੋਈ ਫਾਇਦਾ ਨਹੀਂ ਹੈ। ਇਹੀ ਭਾਵਨਾ ਸਾਨੂੰ ਇਹ ਮੰਨਣ ਵਾਲਾ ਬਣਾਉਂਦੀ ਹੈ ਕਿ ਸਮਝੌਤਾ ਕਰਨਾ, ਛੋਟਾ ਰਾਹ ਲੈਣਾ ਅਤੇ ਛੱਡ ਦੇਣਾ ਹੀ ਸਾਡੀਆਂ ਅਸਲ ਚੋਣਾਂ ਹਨ।

ਨਿਰੀਖਣ ਲਈ

ਪਰਮੇਸ਼ੁਰ ਦੀ ਯੋਜਨਾ ਇੱਕ ਰਵੱਈਏ ਨਾਲ ਸ਼ੁਰੂ ਹੁੰਦੀ ਹੈ: : **ਅਨੰਦ ਨਾਲ ਸਹਿਣਾ**

ਉਹ ਰਵੱਈਆ ਇੱਕ ਨਤੀਜੇ ਨੂੰ ਪੈਦਾ ਕਰਦਾ ਹੈ: **ਕਿ ਅਸੀਂ ਸਿੱਧ, ਸੰਪੂਰਣ ਬਣੀਏ ਅਤੇ, ਸਾਨੂੰ ਕਿਸੇ ਗੱਲ ਦਾ ਘਾਟਾ ਨਾ ਰਹੇ**

ਪਰਮੇਸ਼ੁਰ ਇੱਕ ਅਮੁੱਲ ਸ੍ਰੋਤ ਸਾਨੂੰ ਦਿੰਦਾ ਹੈ: **ਅਲੌਕਿਕ ਬੁੱਧ**

ਪਰਮੇਸ਼ੁਰ ਸਾਨੂੰ ਇੱਕ ਧਰਮ ਗਿਆਨ ਦਿੰਦਾ ਹੈ-ਇੱਕ ਈਸ਼ਵਰੀ ਦ੍ਰਿਸ਼ਟੀਕੋਣ, ਜੀਵਨ, ਹਾਲਾਤਾਂ ਅਤੇ ਸਾਡੇ ਭਵਿੱਖ ਦੇ ਬਾਰੇ ਸਚਿਆਈ ਦੀ ਇੱਕ ਵੱਡੀ ਤਸਵੀਰ।

"ਪਰ ਉਹ ਭਾਈ ਜਿਹੜਾ ਨੀਵਾਂ ਹੈ ਆਪਣੀ ਉੱਚੀ ਪਦਵੀ ਉੱਤੇ ਅਭਮਾਨ ਕਰੇ। ਅਤੇ ਧਨਵਾਨ ਆਪਣੀ ਨੀਵੀਂ ਪਦਵੀ ਉੱਤੇ ਇਸ ਲਈ ਜੋ ਉਹ ਘਾਹ ਦੇ ਫੁੱਲ ਵਾਂਙੁ ਜਾਂਦਾ ਰਹੇਗਾ। ਕਿਉਂ ਜੋ ਸੂਰਜ ਲੋ ਨਾਲ ਚੜ੍ਹਿਆ ਅਤੇ ਘਾਹ ਨੂੰ ਸੁਕਾ ਦਿੱਤਾ ਅਤੇ ਉਹ ਦਾ ਫੁੱਲ ਝੜ ਗਿਆ ਅਤੇ ਉਹ ਦੇ ਰੂਪ ਦਾ ਸੁਹੱਪਣ ਨਸ਼ਟ ਹੋ ਗਿਆ। ਇਸੇ ਤਰਾਂ ਧਨਵਾਨ ਵੀ ਆਪਣਿਆਂ ਚਲਣਾਂ ਵਿੱਚ ਕੁਮਲਾ ਜਾਵੇਗਾ।" (ਯਾਕੂਬ 1:9-11)

"ਧੰਨ ਉਹ ਮਨੁੱਖ ਜਿਹੜਾ ਪਰਤਾਵੇ ਨੂੰ ਸਹਿ ਲੈਂਦਾ ਹੈ ਕਿਉਂਕਿ ਜਾਂ ਖਰਾ ਨਿੱਕਲਿਆ ਤਾਂ ਉਹ ਨੂੰ ਜੀਵਨ ਦਾ ਉਹ ਮੁਕਟ ਪਰਾਪਤ ਹੋਵੇਗਾ ਜਿਹ ਦਾ ਪ੍ਰਭੂ ਨੇ ਆਪਣਿਆ ਪ੍ਰੇਮੀਆਂ ਨਾਲ ਵਾਇਦਾ ਕੀਤਾ ਹੈ।" (ਯਾਕੂਬ 1:12)

ਜੀਵਨ ਅਸਥਾਈ ਹੈ।

"ਕਿਉਂ ਜੋ ਸੂਰਜ ਲੋ ਨਾਲ ਚੜ੍ਹਿਆ ਅਤੇ ਘਾਹ ਨੂੰ ਸੁਕਾ ਦਿੱਤਾ ਅਤੇ ਉਹ ਦਾ ਫੁੱਲ ਝੜ ਗਿਆ ਅਤੇ ਉਹ ਦੇ ਰੂਪ ਦਾ ਸੁਹੱਪਣ ਨਸ਼ਟ ਹੋ ਗਿਆ।" (ਯਾਕੂਬ 1:11)

ਹਿੰਮਤ ਨਾ ਹਾਰੋ!

ਉਹ ਵਿਅਕਤੀ ਜਿਹੜਾ ਪਰਤਾਵੇ ਵਿੱਚੋਂ ਖਰਾ ਨਿੱਕਲਦਾ ਹੈ, "ਉਹ ਜੀਵਨ ਦਾ ਮੁਕਟ ਪਾਵੇਗਾ।" (ਯਾਕੂਬ 1:12)

"ਇਸ ਕਾਰਨ ਅਸੀਂ ਹੌਸਲਾ ਨਹੀਂ ਹਾਰਦੇ ਸਗੋਂ ਭਾਵੇਂ ਸਾਡੀ ਬਾਹਰਲੀ ਇਨਸਾਨੀਅਤ ਨਾਸ ਹੁੰਦੀ ਜਾਂਦੀ ਹੈ ਪਰ ਅੰਦਰਲੀ ਇਨਸਾਨੀਅਤ ਦਿਨੋ ਦਿਨ ਨਵੀਂ ਹੁੰਦੀ ਜਾਂਦੀ ਹੈ। ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ। ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਹੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ। (2 ਕੁਰਿੰਥੀਆਂ 4:16-18)।

ਔਖੇ ਸਮਿਆਂ ਵਿੱਚ ਸਹਿਣਾ

1. ਆਪਣੇ ___ਹਾਲਾਤਾਂ___ ਉੱਤੇ ਪਰਮੇਸ਼ੁਰ ਦਾ ਦ੍ਰਿਸ਼ਟੀਕੋਣ ਪ੍ਰਾਪਤ ਕਰੋ।
2. ਆਪਣੇ ___ਭਵਿੱਖ___ ਉੱਤੇ ਪਰਮੇਸ਼ੁਰ ਦਾ ਦ੍ਰਿਸ਼ਟੀਕੋਣ ਪ੍ਰਾਪਤ ਕਰੋ।
3. ਆਪਣੀ ___ਪ੍ਰੇਰਨਾ___ ਉੱਤੇ ਪਰਮੇਸ਼ੁਰ ਦਾ ਦ੍ਰਿਸ਼ਟੀਕੋਣ ਪ੍ਰਾਪਤ ਕਰੋ।

ਤੁਸੀਂ ਹਾਲਾਤ ਦੇ ਇੱਕ ਸ਼ਿਕਾਰ ਨਹੀਂ ਹੋ

1. ਕੀ ਮੇਰਾ ਵਿਸ਼ਵਾਸ ___ਨਾਸ਼___ ___ਹੋਣ___ ___ਵਾਲੀਆਂ___ ਵਸਤਾਂ ਵਿੱਚ ਹੈ ਜਾਂ ਉਨ੍ਹਾਂ ਗੱਲਾਂ ਵਿੱਚ ਜੋ ___ਅਵਿਨਾਸ਼ੀ___ ਹਨ?
2. ਕੀ ਮੇਰੀ ਆਸ ___ਸਮੱਸਿਆਵਾਂ___ ਦੇ ਆਕਾਰ ਦੁਆਰਾ ਨਿਰਧਾਰਿਤ ਹੁੰਦੀ ਹੈ ਜਾਂ ਪਰਮੇਸ਼ੁਰ ਦੇ ਵਾਇਦਿਆਂ ਦੀ ਨਿਸ਼ਚਿਤਤਾ ਦੁਆਰਾ?
3. ਕੀ ਮੇਰੀ ਪਹਿਲੀ ਪ੍ਰੇਰਣਾ ___ਮਸੀਹ___ ___ਨਾਲ___ ___ਪਿਆਰ___ ਕਰਨਾ ਹੈ ਜਾਂ ਸਧਾਰਨ ___ਰਾਹਤ___ ___ਅਨੁਭਵ___ ਕਰਨਾ ਹੈ।

ਇੱਥੇ ਇੱਕ ਜੀਉਣ ਦੀ ਕਲਾ ਹੈ, ਅਤੇ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਇਸ ਨੂੰ ਸਿੱਖੋ।

ਜਦੋਂ ਵੀ ਤੁਸੀਂ ਨਿਰਾਸ਼ ਹੋਣ ਲੱਗੋ ਤਾਂ ਵਿਸ਼ਵਾਸ, ਆਸ ਅਤੇ ਪਿਆਰ ਨੂੰ ਯਾਦ ਕਰੋ।

1. ___ਵਿਸ਼ਵਾਸ___ ਤੁਹਾਡੇ ਦਿਲ ਅਤੇ ਦਿਮਾਗ ਨੂੰ ਇਹ ਦੱਸਦਾ ਹੈ ਕਿ ਪਰਮੇਸ਼ੁਰ ਨਿਯੰਤ੍ਰਣ ਰੱਖਦਾ ਹੈ।
2. ___ਆਸ___ ਤੁਹਾਨੂੰ ਯਾਦ ਦਵਾਉਂਦੀ ਹੈ ਕਿ ਤੁਸੀਂ ਉਸ ਦੀ ਸੰਤਾਨ ਹੋ। ਉਸ ਦੇ ਕੋਲ ਇੱਕ ਸਥਾਨ, ਇੱਕ ਯੋਜਨਾ ਅਤੇ ਤੁਹਾਡੇ ਲਈ ਇੱਕ ਵਾਇਦਾ ਹੈ।
3. ___ਪਿਆਰ___ ਤੁਹਾਡੇ ਧਿਆਨ ਨੂੰ ਔਖੇ ਸਮਿਆਂ ਵੱਲੋਂ ਹਟਾਉਂਦਾ ਹੈ ਅਤੇ ਉਸ ਨੂੰ ਪਰਮੇਸ਼ੁਰ ਦੇ ਲਈ ਦੁੱਖ ਝੱਲਣ ਦੀ ਖੁਸ਼ਕਿਸਮਤੀ ਵੱਲ ਨਿਰਦੇਸ਼ਿਤ ਕਰਦਾ ਹੈ।

ਅਗਲੇ ਕਦਮ?

ਉਪਦੇਸ਼ ਨੋਟਸ ਅਤੇ ਹੋਰ

▶ ਡਾਊਨਲੋਡ ਕਰਨ ਲਈ ਸਕੈਨ ਕਰੋ